# ਕਮਿਉਨਿਟੀ ਕੇਅਰ ਸਰਵਿਸਿਜ਼

Royal Kingston



# ਕੀ ਅਸੀਂ ਸਹਾਇਤਾ ਕਰ ਸਕਦੇ ਹਾਂ?

ਜੇਕਰ ਤੁਹਾਨੂੰ ਇਹ ਲੀਫ਼ਲੈੱਟ ਆਡੀਓ-ਟੇਪ, ਕੰਪਿਊਟਰ ਡਿਸਕ ਤੇ, ਵੱਡੀ ਛਪਾਈ, ਜਾਂ ਬ੍ਰੇਲ ਵਿਚ ਚਾਹੀਦਾ ਹੈ ਤਾਂ ਕਿਰਪਾ ਕਰਕੇ ਸਾਨੂੰ ਦੱਸੋ।

## ਅਸੀਂ ਕੌਣ ਹਾਂ

ਕਮਿਊਨਿਟੀ ਕੇਅਰ ਸਰਵਿਸਿਜ਼ ਰੌਇਲ ਬਾਰੋ ਆਫ਼ ਕਿੰਗਸਟਨ, ਜਿਸਨੂੰ ਕਈ ਵਾਰ ਕਿੰਗਸਟਨ ਕੌਂਸਲ ਵੀ ਕਿਹਾ ਜਾਂਦਾ ਹੈ, ਦਾ ਇਕ ਭਾਗ ਹੈ। ਰੌਇਲ ਬਾਰੋ ਆਫ਼ ਕਿੰਗਸਟਨ ਵਿਚ ਕਿੰਗਸਟਨ, ਸਰਬੀਟਨ, ਟੌਲਵਰਥ. ਹੁਕ, ਚੈਸਿੰਗਟਨ, ਨੀਊ ਮਾਲਡਨ ਅਤੇ ਵੌਸਟਰ ਪਾਰਕ ਦੇ ਕੁਝ ਹਿੱਸੇ ਸ਼ਾਮਲ ਹਨ।

## ਅਸੀਂ ਕਿਸਦੀ ਸਹਾਇਤਾ ਕਰਦੇ ਹਾਂ

ਜੇਕਰ ਤੁਹਾਡੀ ਉਮਰ 18 ਸਾਲ ਜਾਂ ਇਸਤੋਂ ਵੱਧ ਹੈ, ਤੁਸੀਂ ਰੌਇਲ ਬਾਰੋ ਆਫ਼ ਕਿੰਗਸਟਨ  ਵਿਚ ਰਹਿੰਦੇ ਹੋ, ਅਤੇ ਤੁਹਾਨੂੰ ਬਿਮਾਰੀ, ਅਪਾਹਿਜਤਾ ਜਾਂ ਕਮਜ਼ੋਰੀ ਕਾਰਨ ਸਹਾਇਤਾ ਦੀ ਲੋੜ ਹੈ ਤਾਂ ਸੰਭਵ ਹੈ ਕਿ ਅਸੀਂ ਤੁਹਾਡੀ ਸਹਾਇਤਾ ਕਰ ਸਕੀਏ।

ਜੇਕਰ ਤੁਹਾਨੂੰ ਬੱਚਿਆਂ ਅਤੇ ਨੌਜਵਾਨਾਂ ਵਾਸਤੇ ਸੇਵਾਵਾਂ ਬਾਰੇ ਜਾਣਕਾਰੀ ਚਾਹੀਦੀ ਹੈ ਤਾਂ, ਅਸੀਂ ਤੁਹਾਨੂੰ ਦੱਸ ਸਕਦੇ ਹਾਂ ਕਿ ਕੌਣ ਸਹਾਇਤਾ ਕਰ ਸਕਦਾ ਹੈ। ਜੇਕਰ ਕਿਸੇ ਕਾਰਨ ਅਸੀਂ ਤੁਹਾਡੀ ਮਦਦ ਨਾ ਕਰ ਸਕੀਏ, ਤਾਂ ਅਸੀਂ ਤੁਹਾਡਾ ਸੰਪਰਕ ਅਜਿਹੇ ਵਿਅਕਤੀਆਂ ਨਾਲ ਕਰਵਾਉਣ ਦੀ ਕੋਸ਼ਿਸ਼ ਕਰਾਂਗੇ ਜੋ ਮਦਦ  ਕਰ ਸਕਦੇ ਹਨ।

## ਅਸੀਂ ਕੀ ਕਰਦੇ ਹਾਂ

ਅਸੀਂ ਵੱਖ ਵੱਖ ਪਰਕਾਰ ਦੀ ਸਹਾਇਤਾ ਦਾ ਪਰਬੰਧ ਕਰ ਸਕਦੇ ਹਾਂ, ਜਿਸ ਵਿਚ ਸ਼ਾਮਲ ਹੈ:

- ਤੁਹਾਡੇ ਘਰ ਵਿਚ ਨਿੱਜੀ ਅਤੇ ਅਮਲੀ ਸਹਾਇਤਾ
- ਅਪਾਹਿਜ ਵਿਅਕਤੀਆਂ ਲਈ ਸਫਰ ਕਰਨ ਵਿਚ ਸਹਾਇਤਾ
- ਵਿਸ਼ੇਸ਼ ਸਾਜ-ਸਮਾਨ, ਅਤੇ ਤੁਹਾਡਾ ਜੀਵਨ ਆਸਾਨ ਬਣਾਉਣ ਲਈ, ਤੁਹਾਡੇ ਘਰ ਵਿਚ ਤਬਦੀਲੀਆਂ ਕਰਨਾ
- ਕਿਸੇ ਰਿਸ਼ਤੇਦਾਰ ਜਾਂ ਦੋਸਤ ਦੀ ਦੇਖ-ਭਾਲ ਕਰਨ ਵਿਚ ਤੁਹਾਡੀ ਸਹਾਇਤਾ
- ਹਸਪਤਾਲ ਤੋਂ ਘਰ ਵਾਪਸ ਆਉਣ ਵਿਚ ਸਹਾਇਤਾ
- ਦਿਨ ਵੇਲੇ  ਦੇ ਕੰਮ ਕਾਜ

- ⦿ ਤੁਹਾਡੇ ਦਰਵਾਜ਼ੇ ਤੇ ਖਾਣਾ ਪਹੁੰਚਾਣਾ
- ⦿ ਰਿਹਾਇਸ਼ ਅਤੇ ਦੇਖ-ਭਾਲ ਦੀ ਸੇਵਾ
- ⦿ ਅਪਾਹਿਜ ਮਾਪਿਆਂ ਦੀ ਸਹਾਇਤਾ
- ⦿ ਸਲਾਹ-ਮਸ਼ਵਰੇ ਅਤੇ ਸਹਾਇਤਾ ਦੀਆਂ ਸੇਵਾਵਾਂ
- ⦿ ਆਪਣੀ ਸਹਾਇਤਾ ਦਾ ਆਪ ਪਰਬੰਧ ਕਰਨ ਵਾਸਤੇ ਪੈਸੇ
- ⦿ ਕੇਅਰਲਾਈਨ ਟੈਲੀਫੋਨ ਅਲਾਰਮ ਸਿਸਟਮ
- ⦿ ਅਤੇ ਹੋਰ ਬਹੁਤ ਕੁਝ, ਕਿਰਪਾ ਕਰਕੇ ਸਾਨੂੰ ਪੁੱਛੋ!

## ਸਾਡੀਆਂ ਸੇਵਾਵਾਂ ਦੀ ਵਰਤੋਂ ਦਾ ਕਿਤਨਾ ਖ਼ਰਚ ਆਉਂਦਾ ਹੈ

ਸਾਡੀਆਂ ਬਹੁਤ ਸਾਰੀਆਂ ਸੇਵਾਵਾਂ ਦਾ ਕੋਈ ਖ਼ਰਚ ਨਹੀਂ ਹੈ। ਜਿੱਥੇ ਅਸੀਂ ਆਪਣੀਆਂ ਸੇਵਾਵਾਂ ਬਦਲੇ ਪੈਸੇ ਲੈਂਦੇ ਹਾਂ, ਅਸੀਂ ਇਸਦੇ ਖ਼ਰਚਿਆਂ ਬਾਰੇ ਤੁਹਾਨੂੰ ਦੱਸਾਂਗੇ। ਜੇਕਰ ਤੁਹਾਨੂੰ ਕੋਈ ਮਾਲੀ ਮੁਸ਼ਕਲਾਂ ਦਾ ਸਾਹਮਣਾ ਹੈ, ਤਾਂ ਅਸੀਂ ਤੁਹਾਡੀ ਮਦਦ ਕਰਨ ਵਾਸਤੇ ਆਪਣੀ ਪੂਰੀ ਕੋਸ਼ਿਸ਼ ਕਰਾਂਗੇ।

## ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ

ਸਾਡੇ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲੈਣ ਵਾਸਤੇ, ਜਾਂ ਸਹਾਇਤਾ ਲੈਣ ਵਾਸਤੇ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਤੁਸੀਂ ਸਾਨੂੰ ਚਿੱਠੀ ਲਿਖ ਸਕਦੇ ਹੋ, ਟੈਲੀਫੋਨ ਕਰ ਸਕਦੇ ਹੋ ਜਾਂ ਈਮੇਲ ਕਰ ਸਕਦੇ ਹੋ। ਸਾਡੇ ਨਾਲ ਸੰਪਰਕ ਕਰਨ ਦਾ ਪਤਾ ਪਿਛਲੇ ਪੰਨੇ ਤੇ ਦਿੱਤਾ ਹੋਇਆ ਹੈ।

ਜੇਕਰ ਤੁਸੀਂ ਅੰਗਰੇਜੀ ਬੋਲ ਜਾਂ ਪੜ੍ਹ ਨਹੀਂ ਸਕਦੇ, ਜਾਂ ਤੁਹਾਨੂੰ ਇਹ ਚੰਗੀ ਤਰ੍ਹਾਂ ਸਮਝ ਨਹੀਂ ਆਉਂਦੀ, ਤਾਂ ਅਸੀਂ ਤੁਹਾਡੇ ਲਈ ਕਿਸੇ ਦੁਭਾਸ਼ੀਏ ਦਾ ਪਰਬੰਧ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ। ਜੇਕਰ ਤੁਹਾਨੂੰ ਸਾਡੀ ਮਦਦ ਦੀ ਲੋੜ ਹੈ ਜਾਂ ਤੁਸੀਂ ਪਹਿਲਾਂ ਹੀ ਸਾਡੀਆਂ ਸੇਵਾਵਾਂ ਲੈ ਰਹੇ ਹੋ ਤਾਂ ਤੁਹਾਨੂੰ ਇਸ ਸੇਵਾ ਬਦਲੇ ਪੈਸੇ ਨਹੀਂ ਦੇਣੇ ਪੈਣਗੇ। ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕੌਂਸਲ ਸਟਾਫ਼ ਦੇ ਕਿਸੇ ਮੈਂਬਰ ਨੂੰ ਕਹੋ ਜਾਂ ਕਿਸੇ ਅੰਗਰੇਜੀ ਬੋਲਣ ਵਾਲੇ ਵਿਅਕਤੀ ਨੂੰ ਆਪਣੇ ਵਲੋਂ ਸਾਡੇ ਨਾਲ ਸੰਪਰਕ ਕਰਨ ਵਾਸਤੇ ਕਹੋ।

# ਕਮਿਉਨਿਟੀ ਕੇਅਰ ਸਰਵਿਸਿਜ਼

## ਕਸਟਮਰ ਸਰਵਿਸਿਜ਼

ਗਿਲਡਹਾਲ1
ਕਿੰਗਸਟਨ,
ਸਰੀ,
KT1 1EU.

**ਟੈਲੀਫੋਨ:**020 8547 6008
**ਈਮੇਲ:** cust.serv@rbk.kingston.gov.uk
**ਵੈੱਬਸਾਈਟ:** www.kingston.gov.uk/communitycareservices

Community Care Services - Punjabi

ਕਿੰਗਸਟਨ ਕਮਿਉਨਿਟੀ ਕੇਅਰ ਸਰਵਿਸਿਜ਼ ਵਲੋਂ ਤਿਆਰ ਕੀਤਾ ਗਿਆ
ਅਗਸਤ 2004